*Summative Assessment- I*

# ਪੰਜਾਬੀ
## ਜਮਾਤ ਦੱਸਵੀਂ

* *Please check that this question paper contains **8** printed pages.*
* *Please check that this question paper contains **12** questions*
* ਬਹੁ ਵਿਕਲਪੀ ਪ੍ਰਸ਼ਨਾਂ ਵਿੱਚੋਂ **ਸਹੀ ਵਿਕਲਪ** ਚੁਣ ਕੇ **ਉੱਤਰ ਪੁਸਤਿਕਾ ਵਿੱਚ** ਲਿਖੋ।
* ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

*Time allowed : 2-1/2 hours* — *Maximum Marks : 80*

*ਸਮਾਂ ੨-੧/੨ ਘੰਟੇ* — *ਅੰਕ 80*

*ਪਾਠ ਪੁਸਤਕਾਂ – ਸਾਹਿਤ ਦੀਪਿਕਾ, ਸਾਹਿਤਕ ਵੰਨਗੀਆਂ*

| | | | |
|---|---|---|---|
| (ੳ) | ਗਿਆਨ ਤੇ ਵਿਚਾਰ | 2x5=**10** | ਬਹੁ ਵਿਕਲਪੀ ਪ੍ਰਸ਼ਨ |
| (ਅ) | ਵਿਆਕਰਨ | 5x4=20 | ਬਹੁ ਵਿਕਲਪੀ ਪ੍ਰਸ਼ਨ |
| (ੲ) | ਪਾਠ ਪੁਸਤਕਾਂ | 20+10+10=**40** | ਛੋਟੇ ਉੱਤਰ ਵਾਲੇ ਪ੍ਰਸ਼ਨ, ਲੰਮੇ ਉੱਤਰ ਵਾਲੇ ਪ੍ਰਸ਼ਨ, ਬਹੁ ਵਿਕਲਪੀ ਪ੍ਰਸ਼ਨ |
| (ਸ) | ਲਿਖਤੀ | 5+5=**10** | ਲੰਮੇ ਉੱਤਰ ਵਾਲੇ ਪ੍ਰਸ਼ਨ |

***ਨੋਟ—80 ਅੰਕ ਦੇ ਲਿਖਤੀ ਪ੍ਰਸ਼ਨ-ਪੱਤਰ ਨੂੰ ਮੁਲੰਕਣ ਦੇ ਬਾਅਦ 20 ਅੰਕਾਂ ਵਿੱਚ ਬਦਲ ਲਿਆ ਜਾਵੇਗਾ।***

## (ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ) **2x5=10**

*(1)* ਚੰਦਰਯਾਨ ਵੱਲੋਂ ਚੰਨ ਉੱਤੇ ਪਾਣੀ ਦੀ ਹੋਂਦ ਦੀ ਪੁਸ਼ਟੀ ਹੋਣ ਨਾਲ ਹੁਣ ਉਸ ਉੱਤੇ ਬਸਤੀ ਵਸਾਉਣਾ ਕੋਈ ਸੁਪਨਾ ਨਹੀਂ ਰਹੇਗਾ। ਚੰਦਰਯਾਨ ਦੀ ਸਫਲ ਲਾਂਚਿੰਗ ਨੇ ਭਾਰਤ ਨੂੰ ਦੁਨੀਆ ਵਿੱਚ ਅਜਿਹਾ ਛੇਵਾਂ ਮੁਲਕ ਹੋਣ ਦਾ ਮਾਣ ਦਵਾਇਆ ਜਿਸ ਨੇ ਚੰਨ ਵੱਲ ਮੁਹਿੰਮ ਤੋਰੀ। 1959 ਵਿੱਚ ਲੂਨਾ ਦੀ ਲਾਂਚਿੰਗ ਨਾਲ ਰੂਸ ਨੇ ਇਸ ਖੇਤਰ ਵਿੱਚ ਸਭ ਤੋਂ ਪਹਿਲਾਂ ਕਦਮ ਧਰਿਆ ਸੀ। 1962 ਵਿਚ ਰੇਂਜਰ ਨਾਲ ਅਮਰੀਕਾ ਮੈਦਾਨ ਵਿੱਚ ਉਤਰਿਆ। ਫੇਰ 1990 ਵਿੱਚ ਜਪਾਨ (ਹਿਤੇਨ ਨਾਲ) ਅਤੇ 2007 ਵਿੱਚ ਚੀਨ (ਚੈਂਗ ਨਾਲ) ਇਸ ਦੌੜ ਵਿੱਚ ਸ਼ਾਮਲ ਹੋਏ। ਚੰਦਰਯਾਨ ਤੋਂ ਪਹਿਲਾਂ ਸਤਾਹਠ ਮਿਸ਼ਨ ਚੰਨ ਵੱਲ ਜਾ ਚੁੱਕੇ ਸਨ। ਸਾਡਾ ਅਠਾਹਠਵਾਂ ਮਿਸ਼ਨ ਸੀ। ਬੀਤੇ ਵਰ੍ਹੇ 22 ਅਕਤੂਬਰ 2008 ਨੂੰ ਲਾਂਚ ਹੋਇਆ ਸਾਡਾ ਇਹ ਚੰਦਰਯਾਨ 312 ਦਿਨ ਚੰਨ ਦੁਆਲੇ ਆਰਬਿਟ (ਪਰਿਕਰਮਾ) ਵਿੱਚ ਰਿਹਾ ਅਤੇ 3400 ਚੱਕਰ ਇਸਨੇ ਸਾਡੇ ਸੰਪਰਕ ਵਿੱਚ ਰਹਿ ਕੇ ਕੱਟੇ। ਇਸ ਤੋਂ ਪਹਿਲਾਂ ਤਾਂ ਅਸੀਂ ਛੱਤੀ ਹਜ਼ਾਰ ਕਿਲੋਮੀਟਰ ਉਚਾਈ ਉੱਤੇ ਸਥਾਪਤ ਸੈਟੇਲਾਈਟ ਹੀ ਦਾਗੇ ਸਨ। ਚੰਦਰਯਾਨ ਨੇ ਸਾਡੇ ਲਈ ਮਾਣ ਮੱਤੀਆਂ ਪ੍ਰਾਪਤੀਆਂ ਕੀਤੀਆਂ ਸਨ।

***(1) ਚੰਦਰਯਾਨ ਨੇ ਕਿਹੜੀ ਵੱਡੀ ਪ੍ਰਾਪਤੀ ਹਾਸਲ ਕੀਤੀ?***

(ੳ) ਚੰਦ ਦੀਆਂ ਤਸਵੀਰਾਂ ਖਿੱਚਣ ਦੀ — (ਅ) ਖਣਿਜ ਲੱਭਣ ਦੀ

(ੲ) ਚੰਦ ਉੱਤੇ ਪਾਣੀ ਹੋਣ ਦੀ ਪੁਸ਼ਟੀ — (ਸ) ਗੈਸ ਦੇ ਭੰਡਾਰ ਹੋਣ ਦੀ

***(2) ਸਭ ਤੋਂ ਪਹਿਲਾਂ ਰੂਸ ਨੇ ਕਿਹੜਾ ਸੈਟੇਲਾਈਟ ਪੁਲਾੜ ਵਿੱਚ ਲਾਂਚ ਕੀਤਾ?***

(ੳ) ਚੈਂਗ — (ਅ) ਹਿਤੇਨ

(ੲ) ਲੂਨਾ — (ਸ) ਅਪੋਲੋ

*(3) ਭਾਰਤ ਵੱਲੋਂ ਚੰਦ ਵੱਲ ਭੇਜਿਆ ਚੰਦਰਯਾਨ ਕਿੰਨਵਾਂ ਮਿਸ਼ਨ ਸੀ?*

(ੳ) ਪੰਜਾਹਵਾਂ (ਅ) ਅਠਾਹਠਵਾਂ

(ੲ) ਸਤਵੰਜਵਾਂ (ਸ) ਵੀਹਵਾਂ

*(4) ਚੰਦਰਯਾਨ ਚੰਦ ਵੱਲ ਕਦੋਂ ਭੇਜਿਆ ਗਿਆ?*

(ੳ) 1990 ਈ. ਵਿੱਚ (ਅ) 1962 ਈ. ਵਿੱਚ

(ੲ) 22 ਅਕਤੂਬਰ 2008 ਵਿੱਚ (ਸ) ਦਸੰਬਰ 2007 ਵਿੱਚ

*(5) ਭਾਰਤੀ ਵਿਗਿਆਨੀਆਂ ਦੇ ਸੰਪਰਕ ਵਿੱਚ ਰਹਿ ਕੇ ਚੰਦਰਯਾਨ ਨੇ ਚੰਦ ਦੁਆਲੇ ਕਿੰਨੇ ਚੱਕਰ ਕੱਟੇ?*

(ੳ) 3000 (ਅ) 3500

(ੲ) 3400 (ਸ) 2700

*(2)* ਜੇ ਗੁਆਂਢ ਚੰਗਾ ਹੋਵੇ ਤਾਂ ਦੁੱਖ ਵੰਡੇ ਜਾਂਦੇ ਹਨ, ਸੁੱਖਾਂ ਦੀ ਘੜੀ ਚਾਰ ਗੁਣਾ ਹੋ ਜਾਂਦੀ ਹੈ। ਰਿਸ਼ਤੇਦਾਰ ਤਾਂ ਚੱਲ ਕੇ ਆਉਣਗੇ ਪਰ ਗੁਆਂਢੀ ਆਵਾਜ਼ ਮਾਰਨ 'ਤੇ ਹਾਜ਼ਰ ਹੋ ਸਕਦੇ ਹਨ। ਗੁਆਂਢ ਦੇ ਸਾਥ ਨਾਲ ਦੀ ਕੋਈ ਰੀਸ ਨਹੀਂ। ਗੁਆਂਢੀ ਨੇ ਹਮੇਸ਼ਾ ਤੁਹਾਡੇ ਜਨ-ਜੀਵਨ ਦਾ ਸਹਿ-ਪਾਤਰ ਬਣ ਕੇ ਨਿਭਣਾ ਹੁੰਦਾ ਹੈ। ਜਦੋਂ ਤੁਸੀਂ ਪੂਰੇ ਪਰਵਾਰ ਨਾਲ ਕਿਧਰੇ ਬਾਹਰ ਜਾ ਰਹੇ ਹੁੰਦੇ ਹੋ ਤਾਂ ਗੁਆਂਢੀ ਪੂਰੀ ਮੁਸਤੈਦੀ ਨਾਲ ਤੁਹਾਡੇ ਘਰ ਦੀ ਨਿਗਰਾਨੀ ਕਰ ਰਿਹਾ ਹੁੰਦਾ ਹੈ। ਆਪਣੇ ਨਿੱਤ ਦੇ ਕੰਮਾਂ-ਕਾਰਾਂ ਨੂੰ ਗੁਆਂਢੀ ਨਾਲ ਸਾਂਝਿਆਂ ਕਰਕੇ ਉਸ ਨਾਲ ਅਪਣੱਤ ਵਧਾਈ ਜਾ ਸਕਦੀ ਹੈ। ਕਈ ਵਾਰ ਗੁਆਂਢੀ ਨਾਲ ਤਕਰਾਰ ਵੀ ਹੋ ਜਾਂਦੀ ਹੈ। ਅਸੀਂ ਕਈ ਵਾਰ ਖੁਦ ਨੂੰ ਗੁਆਂਢੀ ਨਾਲੋਂ ਵੱਡੇ ਹੋਣ ਦਾ ਅਹਿਸਾਸ ਕਰਾਉਣ ਲੱਗ ਜਾਂਦੇ ਹਾਂ ਜਿਹੜਾ ਉਸ ਨੂੰ ਚੰਗਾ ਨਹੀਂ ਲੱਗਦਾ। ਇਸੇ ਤਰ੍ਹਾਂ ਬੱਚੇ ਖੇਡਦੇ ਖੇਡਦੇ ਆਂਢ-ਗੁਆਂਢ ਦੇ ਝਗੜੇ ਦਾ ਕਾਰਨ ਬਣ ਜਾਂਦੇ ਹਨ। ਬੱਚਿਆਂ ਦੀ ਲੜਾਈ ਵਿੱਚ ਸ਼ਾਮਲ ਹੋਣ ਦੀ ਥਾਂ ਉਹਨਾਂ ਦੀ ਲੜਾਈ ਨੂੰ ਸਮਝਾ-ਬੁਝਾ ਕੇ ਸਮਾਪਤ ਕਰ ਦੇਣਾ ਚਾਹੀਦਾ ਹੈ। ਪਰ ਅੱਜ ਕੱਲ੍ਹ ਘਰਾਂ ਵਿੱਚ ਈਰਖਾ ਵੱਧ ਰਹੀ ਹੈ। ਘਰਾਂ ਦੇ ਸਾਂਝੇ ਵਿਹੜਿਆਂ ਵਿੱਚ ਕੰਧਾਂ ਉੱਸਰ ਰਹੀਆਂ ਹਨ। ਘਰਾਂ ਵਿੱਚ ਵਧ ਰਹੀ ਦੂਰੀ ਸਾਡੇ ਮਨਾਂ ਵਿੱਚ ਅਸ਼ਾਂਤੀ ਪੈਦਾ ਕਰ ਰਹੀ ਹੈ।

*(1) ਚੰਗੇ ਗੁਆਂਢੀ ਨੇ ਤੁਹਾਡੇ ਨਾਲ ਕਿਵੇਂ ਨਿਭਣਾ ਹੁੰਦਾ ਹੈ?*

(ੳ) ਇੱਕ ਦੋਸਤ ਵਾਂਗ (ਅ) ਸਹਿ-ਪਾਤਰ ਬਣ ਕੇ

(ੲ) ਥੋੜੀ ਦੂਰੀ ਰੱਖ ਕੇ (ਸ) ਮਨ ਵਿੱਚ ਈਰਖਾ ਰੱਖ ਕੇ

*(2) ਕਿਹੋ ਜਿਹੇ ਮੌਕੇ ਗੁਆਂਢੀ ਤੁਹਾਡੀ ਮੱਦਦ ਕਰ ਸਕਦਾ ਹੈ?*

(ੳ) ਜਦੋਂ ਤੁਸੀਂ ਸੁੱਤੇ ਹੁੰਦੇ ਹੋ (ਅ) ਜਦ ਤੁਸੀਂ ਬਾਹਰ ਗਏ ਹੁੰਦੇ ਹੋ

(ੲ) ਤੁਹਾਡੇ ਬੱਚੇ ਨੂੰ ਸਕੂਲ ਭੇਜ ਕੇ (ਸ) ਕੋਈ ਮਦਦ ਨਹੀਂ ਕਰਦਾ

*(3) 'ਤਕਰਾਰ' ਸ਼ਬਦ ਦਾ ਕੀ ਅਰਥ ਹੈ?*

(ੳ) ਨਫਰਤ ਹੋਣਾ (ਅ) ਝਗੜਾ ਹੋਣਾ

(ੲ) ਈਰਖਾ ਹੋਣੀ (ਸ) ਸੁਲਹ ਹੋਣੀ

*(4) ਗੁਆਂਢੀ ਦੇ ਮਨ ਵਿੱਚ ਤੁਹਾਡੇ ਪ੍ਰਤੀ ਕਦੋਂ ਫ਼ਰਕ ਪੈਂਦਾ ਹੈ?*

(ੳ) ਜਦ ਤੁਸੀਂ ਉਸਦੇ ਪੈਸੇ ਨਹੀਂ ਮੋੜਦੇ

(ਅ) ਜਦੋਂ ਤੁਸੀਂ ਮੱਦਦ ਨਹੀਂ ਕਰਦੇ

(ੲ) ਜਦ ਤੁਸੀਂ ਉਸ ਤੋਂ ਵੱਡੇ ਹੋਣ ਦਾ ਅਹਿਸਾਸ ਕਰਾਉਂਦੇ ਹੋ

(ਸ) ਜਦ ਤੁਸੀਂ ਉਸਦੀ ਗੱਲ ਨਹੀਂ ਮੰਨਦੇ

*(5) ਸਾਡੇ ਮਨਾਂ ਵਿੱਚ ਅਸ਼ਾਂਤੀ ਕਿਉਂ ਪੈਦਾ ਹੋ ਰਹੀ ਹੈ?*

(ੳ) ਨਫਰਤ ਵੱਧ ਰਹੀ ਹੈ

(ਅ) ਲੋਕ ਲਾਪਰਵਾਹ ਹੋ ਹਨ

(ੲ) ਘਰਾਂ ਵਿੱਚ ਦੂਰੀ ਵੱਧ ਰਹੀ ਹੈ

(ਸ) ਖੁਦਗਰਜ਼ੀ ਵੱਧ ਰਹੀ ਹੈ

## (ਅ) ਵਿਆਕਰਨ **5x4=20**

*(1) (i) 'ਨਿਰ' ਅਗੇਤਰ ਨਾਲ ਬਣਿਆ ਸਹੀ ਸ਼ਬਦ ਚੁਣੋ—*

(ੳ) ਨਿਰਾਲਾ (ਅ) ਨਿਰਦੋਸ਼

(ੲ) ਨਿਰੀ (ਸ) ਨਿਰੂਪ

*(ii) 'ਪਰਮਾਨੰਦ' ਸ਼ਬਦ ਵਿੱਚ ਲੱਗਿਆ ਅਗੇਤਰ ਚੁਣੋ—*

(ੳ) ਪਰ (ਅ) ਪਰਮਾ

(ੲ) ਪਰਮ (ਸ) ਪ

*(iii) 'ਆਵਲੀ' ਪਿਛੇਤਰ ਲਗਾ ਕੇ ਬਣਿਆ ਸ਼ਬਦ ਚੁਣੋ—*

(ੳ) ਹਰਿਆਲੀ (ਅ) ਦੁਨਾਲੀ

(ੲ) ਸ਼ਬਦਾਵਲੀ (ਸ) ਘਰਵਾਲੀ

*(iv) ਜਸਮੀਤ ਬਹੁਤ <u>ਤਾਕਤ ਵਾਲਾ</u> ਮੁੰਡਾ ਹੈ। ਵਾਕ ਵਿੱਚ ਲਕੀਰੇ ਸ਼ਬਦਾਂ ਲਈ ਪਿਛੇਤਰ ਵਾਲਾ ਸ਼ਬਦ ਚੁਣੋ—*

(ੳ) ਤਾਕਤੀ (ਅ) ਤਾਕਤਵਾਨ

(ੲ) ਤਾਕਤਵਰ (ਸ) ਤਾਕਤਵਰੀ

*(2) (i) ਵਿਰੋਧੀ ਅਰਥ ਵਾਲਾ ਸਮਾਸੀ ਸ਼ਬਦ ਚੁਣੋ—*

(ੳ) ਸਾਫ-ਸੁਥਰਾ (ਅ) ਸੋਚ-ਵਿਚਾਰ

(ੲ) ਰਾਤੋਂ-ਰਾਤ (ਸ) ਔਖਾ-ਸੌਖਾ

*(ii) ਇਕੋ ਸ਼ਬਦ ਦੇ ਦੁਹਰਾਓ ਵਾਲਾ ਸਮਾਸੀ ਸ਼ਬਦ ਚੁਣੋ—*

(ੳ) ਨਾਦਰਸ਼ਾਹੀ-ਲੁੱਟ (ਅ) ਭੇਡ-ਚਾਲ

(ੲ) ਦਿਨੋ-ਦਿਨ (ਸ) ਹੱਥ-ਪੈਰ

*(iii) 'ਜੁੱਧ ਲਈ ਭੂਮੀ' ਸ਼ਬਦ ਸਮੂਹ ਲਈ ਸਹੀ ਸਮਾਸੀ ਸ਼ਬਦ ਚੁਣੋ—*

(ੳ) ਭੂਮੀ-ਜੁੱਧ (ਅ) ਜੁੱਧ-ਭੂਮੀ

(ੲ) ਜੁੱਧਾ-ਭੂਮੀ (ਸ) ਜੁੱਧਭੂਮੀ

*(iv) 'ਵੈਰ-ਵਿਰੋਧ' ਸਮਾਸੀ ਸ਼ਬਦ ਲਈ ਸਹੀ ਸ਼ਬਦ ਸਮੂਹ ਚੁਣੋ—*

(ੳ) ਵੈਰ ਲਈ ਵਿਰੋਧ (ਅ) ਵੈਰ ਨਾਲ ਵਿਰੋਧ

(ੲ) ਵੈਰ ਅਤੇ ਵਿਰੋਧ (ਸ) ਵਿਰੋਧ ਨਾਲ ਵੈਰ

*(3)(i) ਵਾਕ ਵਿਚਲੀ ਖਾਲੀ ਥਾਂ ਲਈ ਸ਼ੁੱਧ ਸ਼ਬਦ ਚੁਣੋ— ਪਾਠ............ਨਾਲ ਪੜ੍ਹੋ।*

(ੳ) ਧਯਾਨ (ਅ) ਧਿਆਨ

(ੲ) ਧਇਆਨ (ਸ) ਧਿਯਾਨ

*(ii) ਹੇਠਲੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ—*

(ੳ) ਸ਼ੇਹਰ (ਅ) ਸ਼ੈਹਰ

(ੲ) ਸ਼ਹਿਰ (ਸ) ਸ਼ਹੈਰ

*(iii) ਸ਼ੁੱਧ ਵਾਕ ਚੁਣੋ—*

(ੳ) ਨਿਸਤੇਜ ਨੂੰ ਮੁਆਫ਼ੀ ਨਹੀਂ ਮਿਲੀ ਗਲਤੀਆਂ ਦੀ।

(ਅ) ਮੁਆਫਈ ਨਹੀਂ ਮਿਲੀ ਨਿਸਤੇਜ ਨੂੰ ਗਲਤੀਆਂ ਦੀ।

(ੲ) ਨਿਸਤੇਜ ਨੂੰ ਗਲਤੀਆਂ ਦੀ ਮੁਆਫੀ ਨਹੀਂ ਮਿਲੀ।

(ਸ) ਨਹੀਂ ਮਿਲੀ ਨਿਸਤੇਜ ਨੂੰ ਗਲਤੀਆਂ ਦੀ ਮੁਆਫੀ

*(iv) ਸ਼ੁੱਧ ਵਾਕ ਚੁਣੋ—*

(ੳ) ਤਜਿੰਦਰ ਨੇ ਭਰੋਯੇਯੋਗ ਹੈ। (ਅ) ਤਜਿੰਦਰ ਨੂੰ ਭਰੋਸੇਯੋਗ ਹੈ।

(ੲ) ਤਜਿੰਦਰ ਭਰੋਸੇਯੋਗ ਹੈ। (ਸ) ਤਜਿੰਦਰ ਕੀ ਭਰੋਸੇਯੋਗ ਹੈ।

*(4)(i) ਵਿਸਰਾਮ ਚਿੰਨ੍ਹ ਕਿੰਨੀ ਤਰ੍ਹਾਂ ਦੇ ਹੁੰਦੇ ਹਨ?*

(ੳ) ਅੱਠ (ਅ) ਦੱਸ

(ੲ) ਤੇਰਾਂ (ਸ) ਪੰਜ

*(ii) ( ;) ਵਿਸਰਾਮ ਚਿੰਨ੍ਹ ਨੂੰ............ਕਹਿੰਦੇ ਹਨ।*

(ੳ) ਪੂਰਨ ਵਿਸਰਾਮ (ਅ) ਵਿਸਰਾਮ

(ੲ) ਅਰਧ ਵਿਸਰਾਮ (ਸ) ਛੁੱਟ ਮਰੋੜੀ

*(iii) ਸਹੀ ਵਿਸਰਾਮ ਚਿਨ੍ਹ ਵਾਲਾ ਵਾਕ ਚੁਣੋ—*

(ੳ) ਜਗਦੀਪ ਨੇ ਰੰਗੀਲੇ ਨੂੰ ਪੁੱਛਿਆ ਤੂੰ ਕੱਲ੍ਹ ਕਿੰਨੇ ਵਜੇ ਆਵੇਂਗਾ।

(ਅ) ਜਗਦੀਪ ਨੇ ਰੰਗੀਲੇ ਨੂੰ ਪੁੱਛਿਆ, "ਤੂੰ ਕੱਲ੍ਹ ਕਿੰਨੇ ਵਜੇ ਆਵੇਂਗਾ?"

(ੲ) ਜਗਦੀਪ ਨੇ ਰੰਗੀਲੇ ਨੂੰ ਪੁੱਛਿਆ, ਤੂੰ ਕੱਲ੍ਹ ਕਿੰਨੇ ਵਜੇ ਆਵੇਂਗਾ?

(ਸ) ਜਗਦੀਪ ਨੇ ਰੰਗੀਲੇ ਨੂੰ ਪੁੱਛਿਆ, "ਤੂੰ ਕੱਲ੍ਹ ਕਿੰਨੇ ਵਜੇ ਆਏਂਗਾ?"

*(iv) ਖਾਲੀ ਥਾਵਾਂ ਲਈ ਸਹੀ ਵਿਸਰਾਮ ਚਿੰਨ੍ਹ ਚੁਣੋ—ਨੀ ਕੁੜੀਏ......ਇੱਧਰ ਆਈ......ਤੂੰ ਕੀ ਕਰ ਰਹੀ ਹੈਂ.....*

(ੳ) , ! । (ਅ) ! । ?

(ੲ) ! , । (ਸ) ! , ?

*(5)(i) ਹੇਠ ਲਿਖੇ ਅਰਥ ਲਈ ਸਹੀ ਮੁਹਾਵਰਾ ਚੁਣੋ—'ਬੇਫ਼ਿਕਰ ਹੋ ਕੇ ਸੌਣਾ'*

(ੳ) ਜਿੰਨੀ ਚਾਦਰ ਉਂਨੇ ਪੈਰ ਪਸਾਰਨਾ (ਅ) ਘੋੜੇ ਵੇਚ ਕੇ ਸੌਣਾ

(ੲ) ਗੂੜ੍ਹੀ ਨੀਂਦ ਸੌਣਾ (ਸ) ਨਿਸਚਿੰਤ ਹੋਣਾ

*(ii) ਮੁਹਾਵਰੇ ਲਈ ਸਹੀ ਅਰਥ ਚੁਣੋ— 'ਸਿਰ 'ਤੇ ਹੱਥ ਰੱਖਣਾ।'*

(ੳ) ਸਹਾਇਤਾ ਕਰਨੀ　　(ਅ) ਆਸਰਾ ਦੇਣਾ

(ੲ) ਧਰਵਾਸ ਦੇਣਾ　　(ਸ) ਅਸੀਸ ਦੇਣੀ

*(iii) ਦਲਬੀਰ ਨਿੱਕੀ-ਨਿੱਕੀ ਗੱਲ ਤੇ................ਲੈਂਦਾ ਹੈ। ਖਾਲੀ ਥਾਂ ਲਈ ਢੁੱਕਵਾਂ ਮੁਹਾਵਰਾ ਚੁਣੋ।*

(ੳ) ਮੂੰਹ ਸੁਜਾਉਣਾ　　(ਅ) ਮੂੰਹ ਫੇਰਨਾ

(ੲ) ਪਿੱਠ ਮੋੜਨਾ　　(ਸ) ਕੰਨੀ ਕਤਰਾਉਣਾ

*(iv) ਵਾਕ ਵਿਚਲੇ ਲਕੀਰੇ ਮੁਹਾਵਰੇ ਦਾ ਸਹੀ ਅਰਥ ਚੁਣੋ—ਭਾਰਤੀ ਟੀਮ ਨੇ ਹਾਕੀ ਦਾ ਮੈਚ ਸਰ ਕਰ ਲਿਆ।*

(ੳ) ਬਾਜ਼ੀ ਖੇਡਣੀ　　(ਅ) ਪੂਰਾ ਕਰਨਾ

(ੲ) ਜਿੱਤ ਲੈਣਾ　　(ਸ) ਹਾਰਨਾ

## (ੲ) ਪਾਠ ਪੁਸਤਕਾਂ ਤੇ ਆਧਾਰਿਤ—

### (1) ਛੋਟੇ ਉੱਤਰ ਵਾਲੇ ਪ੍ਰਸ਼ਨ—

**20+10+10=40**

1. *ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਨੂੰ ਕਿਉਂ ਛੱਡਿਆ?*
2. *ਡਾ. ਰਾਧਾਕ੍ਰਿਸ਼ਨਨ ਦਾ ਦੂਸਰੇ ਧਰਮਾਂ ਬਾਰੇ ਕੀ ਦ੍ਰਿਸ਼ਟੀਕੋਣ ਸੀ?*
3. *ਫਰੰਗੀ ਦੀ ਕਿਹੜੀ ਗੱਲ ਲੋਕਾਂ ਨੂੰ ਮਨਜ਼ੂਰ ਨਹੀਂ ਸੀ ਤੇ ਉਨ੍ਹਾਂ ਨੇ ਕੀ ਫੈਸਲਾ ਕੀਤਾ?*
4. *ਫੌਜ ਨੇ ਟਾਲਸਟਾਏ ਦੀ ਜ਼ਿੰਦਗੀ ਨੂੰ ਕਿਵੇਂ ਬਦਲਿਆ?*
5. *ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਕੀ ਤਬਦੀਲੀ ਆਈ ਹੈ?*
6. *ਰੱਬ ਨੇ ਰੁੱਤਾਂ ਦੀ ਸਿਰਜਣਾ ਕਿਵੇਂ ਕੀਤੀ।*
7. *ਲੇਖਕ ਨੂੰ ਪਹਾੜੀ ਉੱਤੇ ਪੰਜਾ ਲਾਉਣ ਵਾਲੀ ਸਾਖੀ ਸੰਬੰਧੀ ਕਿਵੇਂ ਯਕੀਨ ਆਇਆ?*
8. *ਟਾਲਸਟਾਏ ਦਾ ਚਿੱਤ ਜੁੱਧ ਤੋਂ ਕਿਉਂ ਉਪਰਾਮ ਹੋ ਗਿਆ?*
9. *ਗਾਂਧੀ ਜੀ ਨੇ ਡਾ. ਰਾਧਾਕ੍ਰਿਸ਼ਨਨ ਨੂੰ ਕਿਵੇਂ ਸਨਮਾਨਤ ਕੀਤਾ?*
10. *ਬਾਬੇ ਦਾਸ ਦੇ ਖੰਘੂਰਾ ਮਾਰਨ ਉੱਤੇ ਢੱਠੇ ਨੂੰ ਭਾਜੜਾਂ ਕਿਉਂ ਪੈ ਜਾਂਦੀਆਂ ਸਨ?*

### (2) ਲੰਮੇ ਉੱਤਰ ਵਾਲੇ ਪ੍ਰਸ਼ਨ

1. *ਦੁਸ਼ਮਣ ਇਕਾਂਗੀ ਦੇ ਪਾਤਰ ਰਘੂਨਾਥ ਦੀ ਪਾਤਰ ਉਸਾਰੀ 100-125 ਸ਼ਬਦਾਂ ਵਿੱਚ ਕਰੋ।*
2. *ਮੇਰੇ ਵੱਡੇ ਵਡੇਰੇ ਲੇਖ ਵਿੱਚ ਲੇਖਕ ਨੇ ਪੁਰਾਣੇ ਪੰਜਾਬ ਦੇ ਲੋਕਾਂ ਦੀ ਕਿਹੋ ਜਿਹੀ ਤਸਵੀਰ ਖਿੱਚੀ ਹੈ? ਉਨ੍ਹਾਂ ਲੋਕਾਂ ਤੇ ਅੱਜ ਦੇ ਲੋਕਾਂ ਵਿੱਚ ਤੁਸੀਂ ਕੀ ਫਰਕ ਮਹਿਸੂਸ ਕਰਦੇ ਹੋ?*

**ਜਾਂ**

*'ਖੈਰੁ ਦੀਜੈ ਬੰਦਗੀ' ਕਵਿਤਾ ਦੇ ਕਵੀ ਦਾ ਨਾਂ ਦੱਸਦੇ ਹੋਏ ਕਵਿਤਾ ਦਾ ਕੇਂਦਰੀ ਭਾਵ ਲਿਖੋ।*

### (3) ਬਹੁ ਵਿਕਲਪੀ ਪ੍ਰਸ਼ਨ

**(1)** *ਇਹ ਕਿਵੇਂ ਹੋ ਸਕਦਾ ਹੈ? ਰੱਬ ਨੇ ਹੈਰਾਨ ਹੋ ਕੇ ਪੁੱਛਿਆ। 'ਆਪ ਚੱਲ ਕੇ ਵੇਖ ਲਉ ਬੇਸ਼ਕ' ਰੁੱਤਾਂ ਨੇ ਅਰਜ਼ ਗੁਜ਼ਾਰੀ। ਰੱਬ ਇੱਕ ਨਿੱਕੀ ਜਿਹੀ ਚਿੜੀ ਬਣ ਕੇ ਧਰਤੀ ਉੱਤੇ ਰੁੱਤਾਂ ਦੀ ਸ਼ਿਕਾਇਤ ਬਾਰੇ ਜਾਂਚ-ਪੜਤਾਲ ਕਰਨ ਆ ਗਿਆ।*

***ਰੱਬ ਚਿੜੀ ਬਣ ਕੇ ਧਰਤੀ ਉੱਤੇ ਕਿਉਂ ਗਿਆ?***

(ੳ) ਧਰਤੀ ਦੇ ਲੋਕਾਂ ਨੂੰ ਦੇਖਣ (ਅ) ਘੁੰਮਣ-ਫਿਰਨ

(ੲ) ਧਰਤੀ ਦੇਖਣ (ਸ) ਜਾਂਚ-ਪੜਤਾਲ ਕਰਨ

*(2) ਮਰਦਾਨੇ ਨੂੰ ਪਿਆਸ ਡਾਢੀ ਲੱਗੀ ਹੋਈ ਸੀ, ਸੁਣਦਿਆਂ ਸਾਰ ਪਹਾੜੀ ਵਲ ਦੌੜ ਪਿਆ, ਕੜਕਦੀ ਦੁਪਹਿਰ, ਇਧਰ ਪਿਆਸ, ਉਧਰ ਪਹਾੜੀ ਦਾ ਸਫ਼ਰ, ਸਾਹੋ-ਸਾਹ, ਪਸੀਨੋ-ਪਸੀਨਾ ਹੋਇਆ ਮਰਦਾਨਾ ਬੜੀ ਮੁਸ਼ਕਲ ਨਾਲ ਉੱਥੇ ਪੁੱਜਾ।*

***ਮਰਦਾਨਾ ਕਿੱਧਰ ਨੂੰ ਦੌੜਿਆ?***

(ੳ) ਪਾਣੀ ਵੱਲ (ਅ) ਖੂਹ ਵੱਲ

(ੲ) ਪਹਾੜੀ ਵੱਲ (ਸ) ਵਲੀ ਕੰਧਾਰੀ ਵੱਲ

*(3) ਪੰਜਾ ਸਾਹਿਬ ਦਾ ਸਾਰਾ ਰਸਤਾ ਮੇਰੀ ਮਾਂ ਦੀ ਅੱਖ ਨਾ ਸੁੱਕੀ। ਅਸੀਂ ਹੈਰਾਨ ਸਾਂ, ਇਹ 'ਸਾਕਾ' ਹੁੰਦਾ ਕੀ ਏ?*

***ਕਿਸ ਦੀ ਮਾਂ ਦੀ ਅੱਖ ਨਾ ਸੁੱਕੀ?***

(ੳ) ਬੱਚੇ ਦੀ (ਅ) ਲੇਖਕ ਦੀ

(ੲ) ਮੁੰਡੇ ਦੀ (ਸ) ਕੁੜੀ ਦੀ

*(4) ਬੰਦੇ ਲਈ ਅਰਦਾਸ ਇੱਕ ਜ਼ਰੂਰੀ ਵਸਤੂ ਹੈ। ਕਈ ਮੌਕੇ ਆਉਂਦੇ ਹਨ ਜਦੋਂ ਕਿ ਵੱਡੇ ਤੋਂ ਵੱਡੇ ਰਾਠ ਮਨੁੱਖ ਲਈ ਵੀ ਕੋਈ ਆਸਰਾ ਨਹੀਂ ਰਹਿ ਜਾਂਦਾ ਸਿਵਾਏ ਇੱਕ ਅਰਦਾਸ ਦੇ।*

***ਵੱਡੇ ਤੋਂ ਵੱਡੇ ਰਾਠ ਮਨੁੱਖ ਲਈ ਵੀ ਜਦੋਂ ਕੋਈ ਆਸਰਾ ਨਹੀਂ ਰਹਿ ਜਾਂਦਾ ਤਾਂ ਉਹ ਕੀ ਕਰਦਾ ਹੈ?***

(ੳ) ਨਿਰਾਸ਼ ਹੋ ਜਾਂਦਾ ਹੈ (ਅ) ਹੈਵਾਨ ਬਣ ਜਾਂਦਾ ਹੈ

(ੲ) ਅਰਦਾਸ ਕਰਦਾ ਹੈ (ਸ) ਆਤਮ ਹੱਤਿਆ ਕਰ ਲੈਂਦਾ ਹੈ

*(5) ਸੁਆਮੀ ਸ਼ਰਧਾ ਨੰਦ ਜੀ ਨੇ, ਜੋ ਕਿਸੇ ਵਕਤ ਸਿੱਖਾਂ ਦੇ ਵਿਰੋਧੀ ਗਿਣੇ ਜਾਂਦੇ ਸਨ, ਸਿੱਖਾਂ ਦੇ ਮੋਰਚੇ ਵਿੱਚ ਆ ਕੇ ਆਪਣੀ ਆਹੂਤੀ ਪਾਈ ਅਤੇ ਪੰਡਤ ਨਹਿਰੂ ਜੀ ਜੈਤੋਂ ਦੇ ਮੋਰਚੇ ਵਿੱਚ ਸਿੱਖਾਂ ਲਈ ਕੈਦ ਹੋਏ। ਪ੍ਰੋਫੈਸਰ ਰੁਚੀ ਰਾਮ ਜੀ ਸਾਡੇ ਨਾਲ ਹੀ ਆ ਕੇ ਨੰਗੇ ਫਰਸ਼ਾਂ ਤੇ ਸੌਂਦੇ ਅਤੇ ਗੁਰੂ ਦੇ ਬਾਗ ਦੀਆਂ ਡਾਂਗਾਂ ਦੇ ਨਜ਼ਾਰੇ ਵੇਖ ਕੇ ਸਾਡੇ ਨਾਲ ਹੰਝੂ ਵਹਾਉਂਦੇ ਸਨ।*

***ਜੈਤੋ ਦੇ ਮੋਰਚੇ ਵਿੱਚ ਸਿੱਖਾਂ ਲਈ ਕੌਣ ਕੈਦ ਹੋਏ?***

(ੳ) ਪ੍ਰੋਫੈਸਰ ਰੁਚੀ ਰਾਮ (ਅ) ਪੰਡਤ ਨਹਿਰੂ

(ੲ) ਸੁਆਮੀ ਸ਼ਰਧਾ ਨੰਦ (ਸ) ਮਹਾਤਮਾ ਗਾਂਧੀ

*(6) ਇਹ ਕਥਾਵਾਂ ਮੈਂ ਸੁਣੀਆਂ ਹਨ, ਅੱਖੀਂ ਤੱਕੀਆਂ ਨਹੀਂ। ਇਸ ਲਈ ਮੈਂ ਜਦੋਂ ਛੋਟਾ ਹੁੰਦਾ ਤਾਂ ਮੈਨੂੰ ਦਿਉਆਂ ਦੀਆਂ ਕਹਾਣੀਆਂ ਸੁਣ ਕੇ ਜਿੰਨਾਂ ਸਹਿਮ ਲਗਦਾ ਸੀ, ਉਨਾਂ ਹੀ ਆਪਣੇ ਵੱਡੇ ਵਡੇਰਿਆਂ ਦੀਆਂ ਗੱਲਾਂ ਸੁਣਕੇ।*

***ਲੇਖਕ ਨੂੰ ਆਪਣੇ ਵੱਡੇ-ਵਡੇਰਿਆਂ ਦੀਆਂ ਕਹਾਣੀਆਂ ਸੁਣ ਕੇ ਕੀ ਲੱਗਦਾ ਸੀ?***

(ੳ) ਮਜ਼ਾ ਆਉਂਦਾ ਸੀ (ਅ) ਹੈਰਾਨੀ ਹੁੰਦੀ ਸੀ

(ੲ) ਡਰ ਲੱਗਦਾ ਸੀ (ਸ) ਮਾਣ ਮਹਿਸੂਸ ਹੁੰਦਾ ਸੀ

*(7) ਉਮਰ ਗਵਾਈ ਵਿੱਚ ਮਸੀਤੀ। ਅੰਦਰ ਭਰਿਆ ਨਾਲ ਪਲੀਤੀ।*

*ਕਦੇ ਨਮਾਜ਼ ਵਹਦਤ ਨਾ ਕੀਤੀ, ਹੁਣ ਕਿਉਂ ਡਰਨਾ ਏ ਧਾੜੋ-ਧਾਰ ਇਸ਼ਕ ਦੀ ਨਵੀਓਂ ਨਵੀਂ ਬਹਾਰ।*

***ਅੰਦਰ ਕਿਸ ਨਾਲ ਭਰਿਆ ਹੋਇਆ ਹੈ?***

(ੳ) ਪਵਿੱਤਰਤਾ ਨਾਲ (ਅ) ਅਪਵਿੱਤਰਤਾ ਨਾਲ

(ੲ) ਦਹਿਸ਼ਤ ਨਾਲ (ਸ) ਵਹਿਸ਼ਤ ਨਾਲ

*(8) ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ। ਕਹੈ ਨਾਨਕ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥*

***ਇਨ੍ਹਾਂ ਕਾਵਿ-ਸਤਰਾਂ ਦੇ ਰਚਨਹਾਰ ਕੌਣ ਹਨ?***

(ੳ) ਗੁਰ ਨਾਨਕ ਦੇਵ ਜੀ (ਅ) ਗੁਰੂ ਅਮਰਦਾਸ ਜੀ
(ੲ) ਗੁਰੂ ਅਰਜਨ ਦੇਵ ਜੀ (ਸ) ਗੁਰੂ ਰਾਮਦਾਸ ਜੀ

*(9) ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ।*
*ਤੁਮਰੀ ਗਤਿ ਮਿਤਿ ਤੁਮ ਹੀ ਜਾਨੀ। ਨਾਨਕ ਦਾਸ ਸਦਾ ਕੁਰਬਾਨੀ॥*

***'ਮਿਤਿ' ਸ਼ਬਦ ਦਾ ਕੀ ਅਰਥ ਹੈ?***

(ੳ) ਹਾਲਤ (ਅ) ਮਾਲਕ
(ੲ) ਅੰਦਾਜ਼ਾ (ਸ) ਅਸਲੀਅਤ

*(10)ਬਾਬੇ ਤਾਰੇ ਚਾਰਿ ਚਕਿ ਨਉਖੰਡਿ ਪ੍ਰਿਥਵੀ ਸਚਾ ਢੋਆ। ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥*

***'ਗੁਰਮੁਖਿ' ਸ਼ਬਦ ਕਿਨ੍ਹਾਂ ਲਈ ਵਰਤਿਆ ਗਿਆ ਹੈ?***

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਨਾਨਕ ਦੇਵ ਜੀ
(ੲ) ਗੁਰੂ ਅਮਰਦਾਸ ਜੀ (ਸ) ਭਾਈ ਗੁਰਦਾਸ ਜੀ

## (ਸ) ਲਿਖਤੀ

**5+5=10**

*(1) ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ* **'ਸਮੇਂ ਦਾ ਸਦ-ਉਪਯੋਗ'** *ਬਾਰੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ।*

**ਨੁਕਤੇ—**

** ਸਮਾਂ ਮਹੱਤਵਪੂਰਨ ਹੈ * ਬੀਤਿਆ ਸਮਾਂ ਵਾਪਸ ਨਹੀਂ ਮੁੜਦਾ * ਭੂਤਕਾਲ ਤੋਂ ਸਬਕ ਲਵੋ*
** ਨਿਸਚਿਤ ਤੇ ਅਤੇ ਨੀਯਤ ਸਮੇਂ ਤੇ ਕੰਮ ਕਰੋ * ਮਨ ਸ਼ਾਂਤ ਤੇ ਖੁਸ਼*

***ਜਾਂ***

*ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ* **'ਗਲੋਬਲ ਵਾਰਮਿੰਗ ਦੇ ਖਤਰੇ'** *ਵਿਸ਼ੇ ਤੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ।*

**ਨੁਕਤੇ—**

** ਅਰਥ * ਪ੍ਰਭਾਵ *ਖਤਰੇ*
** ਬਰਬਾਦੀ, ਤਬਾਹੀ * ਬਚਾਅ ਦੇ ਉਪਾਅ ਜ਼ਰੂਰੀ*

*(2) ਤੁਸੀਂ ਪ੍ਰਕਾਸ਼ਕ ਕੋਲੋਂ ਪੁਸਤਕਾਂ ਮੰਗਵਾਈਆਂ ਸਨ, ਪਰ ਉਹ ਪੁਸਤਕਾਂ ਬੜੀ ਹੀ ਮਾੜੀ ਹਾਲਤ ਵਿੱਚ ਹਨ। ਪ੍ਰਕਾਸ਼ਕ ਨੂੰ ਸ਼ਿਕਾਇਤੀ ਪੱਤਰ ਲਿਖੋ।*

**ਨੁਕਤੇ—**

** ਪੁਸਤਕਾਂ ਮਿਲ ਗਈਆਂ * ਜਿਲਦ ਫਟੀ ਹੋਈ * ਮਾੜੀ ਛਪਾਈ*
** ਦੋ ਪੁਸਤਕਾਂ ਸੂਚੀ ਅਨੁਸਾਰ ਨਹੀਂ * ਬਦਲਕੇ ਭੇਜੀਆਂ ਜਾਣ*

***ਜਾਂ***

*ਤੁਹਾਡਾ ਕੰਪਿਊਟਰ ਖਰਾਬ ਹੈ, ਉਸ ਨੂੰ ਠੀਕ ਕਰਾਉਣ ਲਈ 'ਸ਼ਿਵਾਲਕ ਕੰਪਿਊਟਰ' ਨੂੰ ਪੱਤਰ ਲਿਖੋ।*

**ਨੁਕਤੇ—**

** ਕੰਪਿਊਟਰ ਦੀ ਖਰਾਬੀ * ਕੰਪਿਊਟਰ ਦਾ ਮਾਡਲ*
** ਗਾਰੰਟੀ ਵਿਚਲਾ ਸਮਾਂ * ਪੜ੍ਹਾਈ ਦਾ ਨੁਕਸਾਨ * ਛੇਤੀ ਠੀਕ ਕਰਾਉਣ ਦੀ ਬੇਨਤੀ*

# ਉੱਤਰ
## (ANSWER KEY)

**(ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ)**

1. (1) ੲ
   (2) ੲ
   (3) ਅ
   (4) ੲ
   (5) ੲ

2. (1) ਅ
   (2) ਅ
   (3) ਸ
   (4) ੲ
   (5) ੲ

**(ਅ) ਵਿਆਕਰਨ**

1. (*i*) ਅ
   (*ii*) ੲ
   (*iii*) ੲ
   (*iv*) ੲ

2. (*i*) ਸ
   (*ii*) ੲ
   (*iii*) ਅ
   (*iv*) ੲ

3. (*i*) ਅ
   (*ii*) ੲ
   (*iii*) ੲ
   (*iv*) ੲ

4. (*i*) ੲ
   (*ii*) ੲ
   (*iii*) ਅ
   (*iv*) ਸ

5. (*i*) ਅ
   (*ii*) ਅ
   (*iii*) ੳ
   (*iv*) ੲ

**(ੲ) ਪਾਠ ਪੁਸਤਕਾਂ ਤੇ ਆਧਾਰਿਤ —— (1. ਛੋਟੇ ਉੱਤਰ ਵਾਲੇ ਪ੍ਰਸ਼ਨ ਅਤੇ ਲੰਮੇ ਉੱਤਰ ਵਾਲੇ ਪ੍ਰਸ਼ਨ)**

4. ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ

   (1) ਸ  (2) ੲ  (3) ਅ  (4) ੲ
   (5) ਅ  (6) ੲ  (7) ਅ  (8) ਅ
   (9) ੲ  (10) ਅ

**(ਸ) ਲਿਖਤੀ (ਲੇਖ ਅਤੇ ਪੱਤਰ)**